• ਜਸਵਿੰਦਰ ਸਿੰਘ ਬਰੋੜੂ
83604-46812

**ਕਾਲਜ ਦੇ ਅੰਦਰ ਝਾਤੀ ਮਾਰੀ ਜਾਵੇ ਤਾਂ ਪ੍ਰਿੰਸੀਪਲ ਤੇ ਆਨਰੇਰੀ ਸਕੱਤਰ ਦੇ ਦਫ਼ਤਰਾਂ 'ਚ ਲੱਗੀਆਂ ਤਸਵੀਰਾਂ ਆਪ-ਮੁਹਾਰੇ ਇਤਿਹਾਸ ਨੂੰ ਉਜਾਗਰ ਕਰਦੀਆਂ ਹਨ। ਹਰ ਮੋਰਚੇ 'ਚ ਇੱਥੋਂ ਦੇ ਵਿਦਿਆਰਥੀ ਮੋਹਰੀ ਹੁੰਦੇ ਸਨ...**

# ਉੱਤਰੀ ਭਾਰਤ ਦੀ ਵਿਲੱਖਣ ਵਿੱਦਿਅਕ ਸੰਸਥਾ

# ਖ਼ਾਲਸਾ ਕਾਲਜ, ਅੰਮ੍ਰਿਤਸਰ

ਖ਼ਾਲਸਾ ਕਾਲਜ, ਅੰਮ੍ਰਿਤਸਰ ਉੱਤਰੀ ਭਾਰਤ ਦੀ ਸਭ ਤੋਂ ਮਹਾਨ ਵਿਦਿਅਕ ਸੰਸਥਾ ਹੈ। ਵਿਸ਼ਾਲ, ਆਲੀਸ਼ਾਨ ਅਤੇ ਮਹਲਨੁਮਾ ਦਿਖ ਵਾਲੀ ਇਸ ਵਿਦਿਅਕ ਸੰਸਥਾ ਦਾ ਆਪਣਾ 133 ਸਾਲਾ ਦਾ ਗੌਰਵਮਈ ਇਤਿਹਾਸ ਹੈ। ਇਹ ਇਮਾਰਤਸਾਜ਼ੀ ਦਾ ਉਤਮ ਨਮੂਨਾ ਹੈ ਜੋ ਇਥੇ ਪੜ੍ਹਨ ਆਉਣ ਵਾਲੇ ਵਿਦਿਆਰਥੀਆਂ ਦੇ ਮਨਾਂ 'ਤੇ ਸਦੀਵੀ ਉਕਰਿਆ ਜਾਂਦਾ ਹੈ। ਇਮਾਰਤ ਦੇ ਹੁਣ ਉਤੇ ਬਣੇ ਗੁੰਬਦ ਤੇ ਮੀਨਾਈਆਂ ਰਲ ਵੇਖਣ ਵਾਲੀ ਅੱਖ ਦਾ ਧਿਆਨ ਖਿਚਦੀਆਂ ਹਨ। ਮੁੱਖ ਇਮਾਰਤ 'ਤੇ ਬਣੇ ਸਭ ਤੋਂ ਵੱਡੇ ਤੇ ਉਚੇ ਗੁੰਬਦ ਵਿਚ ਲੱਗੀ ਵੱਡ-ਅਕਾਰੀ ਘੜੀ ਸ਼ਾਇਦ ਮਨੁੱਖ ਨੂੰ ਸਮੇਂ ਦੀ ਚਾਲੇ ਕਮੋਬਾ ਚਲਦੇ ਜੀਵਣ ਤੇ ਸਮੇਂ ਦੀ ਕਦਰ ਦਾ ਸੁਨੇਹਾ ਦਿਦੀ ਹੈ।

ਖ਼ਾਲਸਾ ਕਾਲਜ ਅੰਮ੍ਰਿਤਸਰ ਇਤਿਹਾਸਿਕ ਸਿਖਿਆ ਸੰਸਥਾਨ ਹੈ। ਸ਼ਤਾਬਦੀ ਪੁਗਾਈ ਇਹ ਸੰਸਥਾ 1892 ਵਿਚ ਸਥਾਪਿਤ ਹੋਈ ਸੀ। ਅੰਮ੍ਰਿਤਸਰ ਤੇ ਜੌਮਾਰੀ ਅਟਾਰੀ ਸਰਹੱਦ ਨੂੰ ਜਾਣ ਵਾਲੀ ਮੁੱਖ ਸੜਕ (ਜੀਟੀਰੋਡ) ਦੇ ਸੰਗ ਪਾਸੇ ਸਥਿਤ ਖ਼ਾਲਸਾ ਕਾਲਜ ਦੀ ਵਿਸ਼ਾਲ ਇਮਾਰਤ ਨੂੰ ਨਿਹਾਰ ਕੇ ਹਰ ਵੇਖਣ ਵਾਲੀ ਅੱਖ ਅਘਾਇਤ ਹੋ ਜਾਂਦੀ ਹੈ। ਵਿਸ਼ੇਸ਼ ਕਰ ਕੇ ਅਟਾਰੀ ਸਰਹੱਦ ਵਿਖੇ ਰਿਟਰੀਟ ਸੈਰਮਨੀ ਵੇਖਣ ਜਾਣ ਵਾਲੇ ਦੇਸ਼ ਭਰ ਦੇ ਸੈਲਾਨੀ ਇਮਾਰਤਸਾਜ਼ੀ ਦੇ ਇਸ ਉਤਮ ਨਮੂਨੇ ਨੂੰ ਵੇਖ ਕੇ ਅਸ਼ ਅਸ਼ ਕਰ ਉਠਦੇ ਹਨ। ਖ਼ਾਲਸਾ ਕਾਲਜ, ਗੁਰੂ ਨਗਰੀ ਦੇ ਪੁਸਿਧ ਪੁਲਾਂਘਿਕ ਚੌਕ ਤੋਂ ਬਾਅਦ ਆਉਂਦਾ ਹੈ। ਇਸ ਦੇ ਅੱਗੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਆਉਂਦੀ ਹੈ। ਖ਼ਾਲਸਾ ਕਾਲਜ ਵਿਗਿਆਨ, ਕਲਾ, ਕਾਮਰਸ, ਕੰਪਿਊਟਰ, ਭਾਸ਼ਾਵਾਂ, ਸਿਖਿਆ, ਖੇਤੀ ਅਤੇ ਫਿਜ਼ਿਓਥੈਰਪੀ ਦੇ ਖੇਤਰਾ ਵਿਚ ਸਿਖਿਆ ਪ੍ਰਦਾਨ ਕਰਦਾ ਹੈ। ਇਸ ਦੇ ਵਿਹੜੇ ਵਿਚ ਗੁਰਦੁਆਰਾ ਸਾਹਿਬ, ਸਟਾਫ ਦੇ ਵਧੀਆ ਕੁਆਰਟਰ, ਹੋਸਟਲ, ਖੇਡ ਮੈਦਾਨ, ਡਿਸਪੈਂਸਰੀ ਤੇ ਇਕਾਂਤ ਕਾਲਜ ਦਾ ਅਪਣਾ ਵਿਸ਼ਾਲ ਖੇਤੀਬਾੜੀ ਕਾਲਜ ਅਤੇ ਬਾਗ਼ ਰਲ ਵੇਖਣ ਵਾਲੇ ਨੂੰ ਪ੍ਰਭਾਵਿਤ ਕਰਦੇ ਹਨ।

ਇਸ ਸੰਸਥਾ ਨੇ ਰਾਜਨੀਤੀ, ਖੇਡਾਂ, ਆਰਥਿਕ ਮੁੱਦਿਆਂ, ਸੈਨਿਕ ਸੇਵਾਵਾਂ ਅਤੇ ਵਿਸ਼ੇਸ਼ ਕਰ ਕੇ ਸਾਹਿਤ ਦੇ ਖੇਤਰ ਵਿਚ ਮਹਤਵਪੂਰਨ ਯੋਗਦਾਨ ਪਾਇਆ ਹੈ। ਮਾ-ਬੋਲੀ ਪੰਜਾਬੀ ਦੇ ਸਤਿਕਾਰ-ਵਿਆਪੀ ਵਿਕਾਸ ਲਈ ਇਸ ਸੰਸਥਾ ਦੇ ਯੋਗਦਾਨ ਨੂੰ ਅੱਖੇ-ਪਰੋਖੇ ਨਹੀਂ ਕੀਤਾ ਜਾ ਸਕਦਾ। ਕਾਲਜ ਦੀ ਇਮਾਰਤ ਵਿਚ ਸਾਮਾਜ ਪਾਉਣ ਵਾਲੀਆਂ ਸ਼ਖ਼ਸੀਅਤਾਂ ਅਤੇ ਪੜ੍ਹ ਲਿਖ ਕੇ ਵਿਲਖਣ ਪੈਂਤ ਪਾਉਣ ਵਾਲਿਆਂ ਦੀ ਲੰਗਿਆ ਤਸਵੀਰਾਂ ਇਸ ਸੰਸਥਾ ਦੇ ਰੁਤਬੇ ਨੂੰ ਹੋਰ ਚਾਰ ਚੰਨ ਲਾਉਂਦੀਆਂ ਹਨ। ਬਾਵਾ ਬਲਵੰਤ ਵਰਗੇ ਪੰਜਾਬੀ ਸਾਹਿਤਕਾਰਾਂ ਦੀ ਦੁਰਲੱਭ ਤਸਵੀਰਾਂ ਇਸ ਦਾ ਮਾਣ ਹੋਰ ਵਧਾਉਂਦੀਆਂ ਹਨ। ਕਾਲਜ 'ਚ 1949 ਦੌਰਾਨ ਪੰਜਾਬੀ ਭਾਸ਼ਾ ਦੇ ਉਚੇਰੇ ਅਧਿਐਨ ਲਈ ਸਥਾਪਿਤ ਕੀਤੇ ਪੋਸਟ ਗਰੈਜੂਏਟ ਪੰਜਾਬੀ ਅਧਿਐਨ ਵਿਭਾਗ ਦੇ ਪਹਿਲੇ ਮੁਖੀ ਪੰਜਾਬੀ ਸਾਹਿਤ ਦੇ ਬਾਬਾ ਲੋਹਣ ਪ੍ਰੋ ਸੰਤ ਸਿੰਘ ਸੇਖੋ (1949-51) ਸਨ।

## ਇਤਿਹਾਸ

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੀ ਨਗਰੀ ਅੰਮ੍ਰਿਤਸਰ ਵਿਖੇ ਸਦੀ ਤੋਂ ਵੱਧ ਇਤਿਹਾਸ ਨੂੰ ਆਪਣੀ ਝੋਲਣ ਵਿਚ ਸਮੇਂਦੀ ਬੈਠੇ ਖ਼ਾਲਸਾ ਕਾਲਜ ਦੇ ਇਤਿਹਾਸ ਵੱਲ ਝਾਤੀ ਮਾਰੀਏ ਤਾਂ ਬਰਤਾਨਵੀ ਸ਼ਾਸਨ ਦੀ ਧਰਮ ਪਰਿਵਰਤਨ ਦੀ ਚਾਲ ਹੀ ਇਸ ਦੀ ਜਨਮਦਾਤੀ ਹੈ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਬਰਤਾਨਵੀ ਹਕੂਮਤ ਨੇ ਭਾਰਤ ਵਿਚ 'ਪਾੜੋ ਤੇ ਰਾਜ ਕਰੋ' ਦੀ ਨੀਤੀ ਤਹਿਤ ਲੋਕ ਸਮਾਂ ਰਾਜ ਕੀਤਾ। ਗੋਰੀ ਹਕੂਮਤ ਉਸ ਵੇਲੇ ਵਿਦਿਅਕ ਖੇਤਰ 'ਚ ਸਮਾਜ ਨੂੰ ਵੰਡ ਰਹੀ ਸੀ। ਜੇ ਹਾਰ ਬੰਦੇ (ਅਹਿਆ ਸਿੰਘ, ਸਾਧੂ ਸਿੰਘ, ਅਤਰ ਸਿੰਘ, ਸੰਤੋਖ ਸਿੰਘ) ਧਰਮ ਪਰਿਵਰਤਨ ਨਾ ਕਰਦੇ ਅਤੇ ਤਾਈ ਵੀਰ ਸਿੰਘ, ਜੋ ਇਸ ਸਕੂਲ ਦੇ ਵਿਦਿਆਰਥੀ ਸਨ, ਉਨ੍ਹਾਂ ਨੂੰ ਸਿੰਘੀ ਵੱਲ ਪ੍ਰੇਰਿਤ ਨਾ ਕਰਦੇ ਤਾਂ 30 ਜੁਲਾਈ, 1875 ਨੂੰ ਸਿੰਘ ਸਭਾ ਲਹਿਰ ਹੋਂਦ 'ਚ ਨਹੀ ਸੀ ਆਉਣੀ ਅਤੇ ਨਾ ਹੀ ਸਿੰਘ ਨੇ ਵੰਝਾਂ ਅੰਗਰੇਜ਼ੀ ਸਕੂਲ ਤੇ ਕਾਲਜ ਖੋਲ੍ਹਣ ਦਾ ਫ਼ੈਸਲਾ ਕਰਨਾ ਸੀ। ਇਹ ਸਬੰਧ ਹੀ ਬਣਿਆ ਕਿ ਉਸ ਵੇਲੇ 'ਜਥੇ ਬਾਣ ਲਾਇਓ, ਤਥੇ ਰੋਸ ਜਗਿਓਂ' ਦੀ ਪ੍ਰਬਲ ਜਿਜ਼ਾ ਨੇ ਜਨਮ ਲਿਆ।

## ਖ਼ਾਲਸਾ ਕਾਲਜ ਦਾ ਮਤਾ ਪਾਸ

ਸੰਨ 1877 ਈ. ਨੂੰ ਨਾਮਵਰ ਸਿੰਘ ਨੇ ਅੰਮ੍ਰਿਤਸਰ ਖ਼ਾਲਸਾ ਕਾਲਜ ਦਾ ਮਤਾ ਪਾਸ ਕੀਤਾ ਅਤੇ 13 ਸਾਲ ਬਾਅਦ ਚੀਫ਼ ਖ਼ਾਲਸਾ ਦੀਵਾਨ ਨੇ ਲਾਹੌਰ 'ਚ ਬੈਠਕ ਕਰ ਕੇ ਇਸ ਦੀ ਸਥਾਪਨਾ ਲਈ ਖ਼ਾਲਸਾ ਕਾਲਜ ਕਮੇਟੀ ਨਿਯੁਕਤ ਕਰ ਦਿਤੀ। ਅਖ਼ਲਿਊ ਆਰ ਐਮ ਰਾਲੀ ਗਾਈਡਾਨੂੰ ਪ੍ਰਧਾਨ ਨਿਯੁਕਤ ਕੀਤਾ ਗਿਆ। ਗਵਰਨਰ ਨੂੰ 48,694 ਦਸਤਖ਼ਤਾ ਵਾਲਾ ਮੰਗ ਪੱਤਰ ਦੇ ਕੇ ਇਸ ਨੂੰ ਅੰਮ੍ਰਿਤਸਰ ਵਿਚ ਖੋਲ੍ਹਣ ਲਈ ਕਿਹਾ ਗਿਆ। ਸਭ ਤੋਂ ਨੌਜਵੇਂ ਪਿੰਡ ਫੋਟ ਸਦੀਦ (ਫੋਟ ਮਾਲਦਾ) ਨੇ ਅਪਣੀ ਜਾਇਦਾਦ ਵਿਚੋਂ 364 ਏਕੜ ਜ਼ਮੀਨ ਦਾਨ ਦੇ ਕੇ ਮੁਖ ਬੰਨ੍ਹਿਆ ਅਤੇ 5 ਮਾਰਚ 1892 ਨੂੰ ਸਰ ਜੇਮਜ਼ ਕੋਲੋ ਨੀਹ ਪੱਥਰ ਰਖਵਾ ਕੇ 1899 ਨੂੰ ਪੂਰਾ ਡਿਗਰੀ ਕਾਲਜ ਬਣਾ, ਸਿੰਘ ਪੱਥ ਦੀ ਵਿਰਾਸਤ ਬਣਾ ਦਿਤਾ। ਜਦੋਂ ਕਾਲਜ ਅਪਣੀ ਉਸਾਰੀ ਵੱਲ ਵਧ ਰਿਹਾ ਸੀ ਤਾਂ ਸਿੰਘ ਲੀਡਰਾਂ ਦੀ ਅਪੀਲ 'ਤੇ ਹਰ ਸਿਸਨਾਨ ਪਰਿਵਾਰ ਨੇ ਦੋ ਅਨੇ ਫ਼ੀ-ਏਕੜ ਸੀਸ ਦਿਤਾ। ਇਸ ਸੋਸ ਦਾ ਕਿਸੇ ਵੀ ਸਿਖ ਵਲ ਵਿਰੋਧ ਨਾ ਕੀਤਾ ਗਿਆ। ਗਰੀਬ ਸਿਖ ਵਲ ਵੇਖ ਕੇ ਗਿਆਨਾਤਾ (ਨਾਭਾ, ਪਟਿਆਲਾ, ਕਪੂਰਥਲਾ ਜੀਦ ਤੇ ਫ਼ਰੀਦਕੋਟ ਦੇ ਰਾਜੇ ਮਹਾਰਾਜੇ ਤੇ ਧਨਾਢਾਂ) ਅਤੇ ਇਥੇ ਤੱਕ ਕਿ ਪ੍ਰਿੰਸ ਅਤੇ ਪ੍ਰਿੰਸਸ ਅਫ਼ ਵੇਲਸ ਜਾਰਜ ਪੰਜਵੇਂ ਨੇ ਕਾਲਜ ਆ ਕੇ ਦੋ ਲੱਖ ਰੁਪਏ ਦਾਨ ਵਿਚ ਜਮ੍ਹਾ ਕਰਵਾਏ।

## ਨਾਮਵਰ ਹਸਤੀਆਂ ਪੈਦਾ ਕੀਤੀਆਂ

ਖ਼ਾਲਸਾ ਕਾਲਜ ਅੰਮ੍ਰਿਤਸਰ ਨੇ ਕਈ ਨਾਮਵਰ ਅਜਾਦੀ ਘੁਲਾਟੀਏ ਤੇ ਆਗੂ ਪੈਦਾ ਕੀਤੇ ਜਿਨ੍ਹਾਂ ਵਿਚ ਤੇਜ ਸਿੰਘ ਸੁਤੰਤਰ, ਸੋਹਣ ਸਿੰਘ ਜੋਸ਼, ਤੇਜ ਸਿੰਘ ਸਮੁੰਦਰੀ, ਗੁਰਦਿਆਲ ਸਿੰਘ ਫਿਲੌਰ, ਪ੍ਰਤਾਪ ਸਿੰਘ ਕੈਰੋਂ, ਅਛਰ ਸਿੰਘ ਛੀਨਾ ਆਦਿ ਪ੍ਰਮੁਖ ਹਨ ਜਿਨ੍ਹਾਂ ਦੀ ਬਦੌਲਤ ਦੇਸ਼ 'ਚ ਆਜ਼ਾਦੀ ਦੀ ਲਹਿਰ ਤੇਜ਼ ਪ੍ਰਚੰਡ ਹੋਈ। ਇਸ ਕਾਲਜ ਨੇ ਆਪਣੇ ਇਤਿਹਾਸ 'ਚ ਬਹੁਤ ਸਾਰੇ ਆਈ ਏ ਐਸ, ਆਈ.ਪੀ.ਐਸ, ਵਿਦਾਰੀ ਅਤੇ ਨਾਮਵਰ ਰਸਤੀਆਂ ਪੈਦਾ ਕੀਤੀਆਂ ਜਿਨ੍ਹਾਂ ਵਿਚ ਡਾਈ ਜੋਧ ਸਿੰਘ, ਸ ਬਿਸ਼ਨ ਸਿੰਘ ਸਮੁੰਦਰੀ, ਸ ਮਹਿੰਗਾ ਸਿੰਘ ਰੰਧਾਵਾ, ਮਾਸਟਰ ਹਰੀ ਸਿੰਘ, ਸ ਅਮਰੀਕ ਸਿੰਘ, ਸਦਨੰਦ ਆਦੀ ਏ ਐਸ, ਡਾ ਐਮ ਸਿੰਘ ਗਿਲ, ਮਨੋਹਰ ਸਿੰਘ ਗਿਲ, ਪਦਮਸ੍ਰੀ ਕਹਾਰਾਰ ਸਿੰਘ ਪਰਿਹਵਾਨ, ਬਿਸ਼ਨ ਸਿੰਘ ਬੇਦੀ, ਪ੍ਰਵੀਨ ਕੁਮਰ, ਡਾਰਤੀ ਫ਼ੋਜ 'ਚ ਏਅਰ ਮਾਰਸ਼ਲ ਅਰਜਨ ਸਿੰਘ, ਜਨਰਲ ਰਜਿੰਦਰ ਸਿੰਘ ਸਪੋਲ, ਬ੍ਰਿਗੇਡੀਅਰ ਐਨ.ਐਸ ਸੈਂਧੂ, ਮੇਜਰ ਜਨਰਲ ਗੁਰਬਖ਼ਸ਼ ਸਿੰਘ ਅਤੇ ਜਨਰਲ ਜਗਜੀਤ ਸਿੰਘ ਅਰੋੜਾ ਆਦਿ ਸ਼ਾਮਿਲ ਹਨ।

ਖ਼ਾਲਸਾ ਕਾਲਜ ਦੇ ਅੰਦਰ ਝਾਤੀ ਮਾਰੀ ਜਾਵੇ ਤਾ ਪ੍ਰਿੰਸੀਪਲ ਅਤੇ ਆਨਰੇਰੀ ਸਕੱਤਰ ਦੇ ਦਫ਼ਤਰਾਂ ਵਿਚ ਲੱਗੀਆਂ ਤਸਵੀਰਾਂ ਆਪ ਮੁਹਾਰੇ ਇਤਿਹਾਸ ਨੂੰ ਉਜਾਗਰ ਕਰਦੀਆਂ ਹਨ। ਹਰ ਮੋਰਚੇ 'ਚ ਇਥੇ ਦੇ ਵਿਦਿਆਰਥੀ ਮੋਹਰੀ ਹੁੰਦੇ ਸਨ। ਸੰਨ 1920 'ਚ ਕਰਾ ਸੇਵਾ ਵਾਲੇ ਬਾਬਾ ਲਾਭ ਸਿੰਘ ਨੇ ਆਪਣੇ ਸੇਵਕ ਬਾਬਾ ਹਰਭਜਨ ਸਿੰਘ ਰਾਹੀ ਕਾਲਜ ਦੀ ਤਿਮਾਹਰ ਉਤੇ ਕਈਆ ਰੁਪਏ ਲਗਾ ਕੇ ਸੇਵਾ ਕਰਵਾਈ। 1905-07 ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਤਿਮਾਹਰ ਬਣ ਰਹੀ ਸੀ। ਇੰਜੀਨੀਅਰ ਧਰਮ ਸਿੰਘ ਬਿਨਾ ਕੋਈ ਤਨਖ਼ਾਹ ਲਏ ਨਿਸ਼ਕਾਮ 'ਸੇਵਾ' ਕਰ ਰਹੇ ਸਨ। ਖ਼ਾਲਸਾ ਕਾਲਜ ਸਬੰਧੀ ਹੋਈ ਮੀਟਿੰਗ 'ਚ ਅੰਗਰੇਜ਼ ਅਫ਼ਸਰ ਮੇਜਰ ਜਾਰਜ ਹਿਲ ਨੇ ਨਿਸ਼ਕਾਮ 'ਸੇਵਾ' ਸਬੰਧੀ ਘਟੀਆ ਸ਼ਬਦਾ ਵਰਤੇ ਜਿਸ ਦਾ ਸਾਥੇ ਸਿੰਘ ਨੇ ਬੁਰਾ ਮਨਾਇਆ। ਇਸ 'ਤੇ ਧਰਮ ਸਿੰਘ ਨੇ ਆਪਣੇ-ਆਪ ਨੂੰ ਖ਼ਾਲਸਾ ਕਾਲਜ ਤੋਂ ਅਲਗਿਦਾ ਕਰ ਲਿਆ। 10 ਫ਼ਰਵਰੀ, 1907 ਦੇ ਦਿਨ ਜਦ ਨਵਾਂ ਇੰਜੀਨੀਅਰ ਜੋ ਅੰਗਰੇਜ਼ ਸੀ, ਚਾਰਜ ਲੈਣ ਤਾ ਆਇਆ ਤਾ ਵਿਦਿਆਰਥੀਆਂ ਨੇ ਹੜਤਾਲ ਕਰ ਦਿਤੀ। ਇਸ ਮਗਰੋਂ ਅੰਗਰੇਜ਼ਾ ਨੇ ਖ਼ਾਲਸਾ ਕਾਲਜ ਦਾ ਵਿਧਾਨ ਬਦਲ ਦਿਤਾ ਅਤੇ ਇਸ 'ਤੇ ਕਬਜ਼ਾ ਕਰ ਲਿਆ। ਇਸ ਮਗਰੋਂ ਸਿੰਘ ਇਮਾਰਤਾਂ ਨੇ ਕਾਲਜ ਦੀ ਮਾਲੀ ਮਦਦ ਬੰਦ ਕਰ ਦਿਤੀ। ਅੰਗਰੇਜ਼ਾ ਦਾ ਵਿਰੋਧ ਕਰਨ 'ਤੇ ਪ੍ਰੋ ਜੋਧ ਸਿੰਘ ਤੇ ਹੋਰ ਪ੍ਰੋਫ਼ੈਸਰ ਨੌਕਰੀ ਤੋਂ ਹੱਥ ਧੋਣੇ ਤਾਰੇ। ਇਸ ਦੇ ਜਵਾਬ ਵਿਚ ਸ ਸੁਦਰ ਸਿੰਘ ਰਾਮਗੜ੍ਹੀਆ ਨੇ 1900 ਵਿਚ ਕੀ ਖ਼ਾਲਸਾ ਕਾਲਜ ਸਿੰਘ ਦਾ ਹੈ ?, ਪੈਂਫ਼ਲੈਟ ਲਿਖ ਕੇ ਖ਼ਾਲਸਾ ਕਾਲਜ ਪੱਖ ਨੂੰ ਮੁਤਵਾਉਣ ਵਾਸਤੇ ਤਹਿਤ ਸ਼ੁਰੂ ਕਰ ਦਿਤੀ। ਕਾਲਜ ਦੀ ਤਾਜ਼ਾ ਸਥਿਤੀ ਮੁਤਾਬਿਕ 95 ਅਧਿਆਪਕ 96 ਡੀਸਦੀ ਗਰਾਟ ਵਾਲੇ, 18 ਅਧਿਆਪਕ ਐਫ਼ਹਾਕ, 75 ਮੁਲਾਜ਼ਮ 95 ਡੀਸਦੀ ਨਾਨ ਟੀਚਿੰਗ, 21 ਮੁਲਾਜ਼ਮ ਨਾਨ ਟੀਚਿੰਗ ਅਨ-ਏਡਿਡ ਤੇ 100 ਦਿਹਾੜੀਦਾਰ ਕਾਮੇ ਹਨ।

## ਖ਼ਾਲਸਾ ਕਾਲਜ ਦੇ ਪ੍ਰਿੰਸੀਪਲ

ਕਿਸੇ ਵੀ ਸੰਸਥਾ ਨੂੰ ਸਮਾਜ 'ਚ ਸਿਖਰਲੇ ਸਥਾਨ 'ਤੇ ਪਹੁੰਚਾਉਣ ਲਈ ਸੰਸਥਾਵਾਂ ਦੀ ਅਗਵਾਈ ਕਰਨ ਵਾਲੇ ਮੁਖੀਆਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੁੰਦੀ ਹੈ। ਜਿਨ੍ਹਾ ਕਰ ਕੇ ਅਦਾਰੇ ਸ਼ੁਰੰਦੀ ਰਾਸਤ ਕਰਦੇ ਹਨ। ਖ਼ਾਲਸਾ ਕਾਲਜ ਦੇ ਪਹਿਲੇ ਤਿੰਨ ਪ੍ਰਿੰਸੀਪਲ ਅੰਗਰੇਜ਼ ਸਨ। ਸ਼ੁਰੂਆਤ 'ਚ ਪ੍ਰਿੰਸਪਲ ਜੀ ਦੇ ਵਾਦਨ ਵਰਗੇ ਮੁਖੀਆਂ ਨੇ ਆਪਣੇ ਸਨਦਾਰ ਗੁਣਾਂ ਸਦਕਾ ਵਿਦਿਆਰਥੀਆਂ ਦੀ ਚੰਗੀ ਰੀਹਨੁਮਾਈ ਕੀਤੀ ਤੇ ਉਨ੍ਹਾ ਦਾ ਭਵਿਖ ਸੰਵਾਰਿਆ।

ਇਸ ਕਾਲਜ ਦੇ ਪਹੀਲੇ ਭਾਰਤੀ ਪ੍ਰਿੰਸੀਪਲ ਰਾਏ ਬਹਾਦਰ ਮਨਮੋਹਨ ਸਨ। ਸਰਦਾਰ ਬਹਾਦਰ ਬਿਸ਼ਨ ਸਿੰਘ 1929 'ਚ ਕਾਲਜ ਦੇ ਪਹਿਲੇ ਸਿਖ ਪ੍ਰਿੰਸੀਪਲ ਨਿਯੁਕਤ ਕੀਤੇ ਗਏ। ਡਾਈ ਜੋਧ ਸਿੰਘ ਨੇ 1936 'ਚ ਇਹ ਅਹੁਦਾ ਸੰਭਾਲਿਆ ਅਤੇ ਉਨ੍ਹਾ ਦੀ ਪੇਸ਼ੋਵਰ ਵਚਨਬੱਧਤਾ, ਦ੍ਰਿੜ ਨਿਸ਼ਚੈ, ਦਰੇਗੀ, ਉਚ ਸਿਖ ਆਦਰਸ਼ ਵਾਲੇ ਗੁਣਾ ਦੀ ਬਦੌਲਤ ਖ਼ਾਲਸਾ ਕਾਲਜ ਨੇ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕੀਤੀ।

ਪ੍ਰਿੰਸੀਪਲ ਰਹੀਆ ਖ਼ਾਲਸਾ ਕਾਲਜ ਦੀਆ ਹੇਠ ਲਿਖੀਆ ਮਾਣਮੱਤੀਆ ਸ਼ਖ਼ਸੀਅਤਾ ਹਨ-

- ਮਿਸਟਰ ਐਮਜੈਂਚੀ ਕੋਲੋ (ਜੂਨ, 1900 ਤੋਂ ਅਪ੍ਰੈਲ, 1910),
- ਮਿਸਟਰ ਆਰ.ਸੀ. ਰਾਈਟ (ਅਕਤੂਬਰ, 2010 ਤੋਂ ਸਤੰਬਰ 1915)
- ਮਿਸਟਰ ਜੇਏ ਵਾਦਨ (ਸਤੰਬਰ, 1915 ਤੋਂ ਮਾਰਚ, 1924)
- ਰਾਏ ਬਹਾਦਰ ਮਨਮੋਹਨ (ਮਈ, 1924 ਤੋਂ ਜੂਨ, 1928)
- ਸਰਦਾਰ ਬਹਾਦਰ ਬਿਸ਼ਨ ਸਿੰਘ (ਅਕਤੂਬਰ, 1928 ਤੋਂ ਸਤੰਬਰ 1936)
- ਡਾਈ ਜੋਧ ਸਿੰਘ (ਸਤੰਬਰ,1936 ਤੋਂ ਸਤੰਬਰ 1952)
- ਸ ਇੰਦਰ ਸਿੰਘ (ਸਤੰਬਰ,1962 ਤੋਂ ਸਤੰਬਰ, 1957)
- ਡਾ ਹਰਬੰਸ ਸਿੰਘ (ਜੂਨ, 1958 ਤੋਂ ਅਪ੍ਰੈਲ, 1961)
- ਸ ਬਲਵੰਤ ਸਿੰਘ ਅਨੰਦ (ਅਗਸਤ 1962 - ਜੁਲਾਈ, 1963)
- ਸ ਬਿਸ਼ਨ ਸਿੰਘ ਸਮੁੰਦਰੀ (ਮਾਰਚ, 1964-ਨਵੰਬਰ, 1969)
- ਸ ਸ਼ਾਮ ਸਿੰਘ ਕਪੂਰ (ਨਵੰਬਰ, 1970-ਮਈ, 1971)
- ਡਾ ਹਰਬੰਸ ਸਿੰਘ (ਮਈ, 1971-ਦਸੰਬਰ, 1975)
- ਸ. ਗੁਰਬਖ਼ਸ਼ ਸਿੰਘ ਸ਼ੇਰਗਿਲ (ਦਸੰਬਰ, 1975-ਅਕਤੂਬਰ, 1989)
- ਡਾ. ਹਰਭਜਨ ਸਿੰਘ ਸੋਚ (ਦਸੰਬਰ, 1989-ਜੁਲਾਈ, 1996)
- ਡਾ ਐਮ.ਐਸ ਗਿਲ (ਜੁਲਾਈ, 1996-ਜੁਲਾਈ, 2003)
- ਡਾ. ਦਲਜੀਤ ਸਿੰਘ (ਮਈ, 2005-ਜੂਨ, 2014)
- ਡਾ ਮਹਿਲ ਸਿੰਘ (ਜੂਨ 2014-ਅਕਤੂਬਰ,2024)

## ਨੀਂਹ-ਪੱਥਰ

*ਖ਼ਾਲਸਾ ਕਾਲਜ ਅੰਮ੍ਰਿਤਸਰ ਦਾ ਨੀਂਹ ਪੱਥਰ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਸਰ ਜੇਮਜ਼ ਕੋਲੋਵੁਡ ਨੇ 5 ਮਾਰਚ, 1892 ਨੂੰ ਰੱਖਿਆ। ਖ਼ਾਲਸਾ ਕਾਲਜ ਕੌਂਸਲ ਕਰੀਬ 320 ਏਕੜ ਵਿਚ ਫੈਲਿਆ ਹੋਇਆ ਹੈ। ਕਾਲਜ ਦੇ ਮੁਢਲੇ ਮੁੱਢੀ ਦੁੱਖੀ ਦਿਹਰ ਗਰਾਊਂਡ ਵਿਦਿਆਰਥੀਆਂ ਨੂੰ ਪੜ੍ਹਨ ਲਈ ਕਾਰਗਰ ਮਾਹੌਲ ਤੇ ਸਵੱਛ ਵਾਤਾਵਰਨ ਬਖ਼ਸ਼ਦੀ ਹੈ। ਇਥੇ ਹਰ ਸਾਲ ਸੰਗਤ ਵਾਸਤੇ ਪੁਸਤਕ ਮੇਲਾ ਲਗਦਾ